Surrey Schools
LEADERSHIP IN LEARNING

Tel: 604.596.7733
www.surreyschools.ca

# ਪਾਠ ਕਰਮ ਤੋਂ ਵਾਧੂ ਦੀਆਂ ਕਾਰਵਾਈਆਂ ਲਈ ਨੀਤੀ
# Extra-curricular Activities Policy

ਕਾਰਵਾਈਆਂ ਦੀ ਨੀਤੀ

ਸਾਲ 2000 ਵਿੱਚ ਸਰ੍ਹੀ ਸਕੂਲ ਦੇ ਟਰਸੱਟੀਜ਼ ਨੇ ਸਕੂਲਾਂ ਦੇ ਪ੍ਰਬੰਧਕਾ ਨੂੰ, ਸਕੂਲ ਵਿੱਚ ਬਣੇ ਜਾਂ ਚਲ ਰਹੀਆਂ ਸੰਸਥਾਵਾਂ ਲਈ ਇਕੱ ਨੀਤੀ ਬਣਾਓਣ ਲਈ ਕਿਹਾ ਸੀ । ਇਸ ਨਾਲ ਸਕੂਲ ਵਿੱਚ ਪਾਠਕ੍ਰਮ ਤੌਂ ਬਾਹਰ ਸਾਰੀਆਂ ਹੋ ਰਹੀਆਂ ਕਾਰਵਾਈਆਂ ਨੂੰ ਵੱਧਣ ਫੁੱਲਣ ਅਤੇ ਚਲਣ ਲਈ ਸੇਧ ਮਿਲ ਸਕੇ ।

ਸਕੂਲ ਬੋਰਡ ਦਾ ਇਹ ਯਕੀਨ ਹੈ ਕਿ ਇਸ ਤਰਾਂ ਦੀਆਂ ਕਾਰਵਾਈਆਂ ਦਾ ਹਿੱਸਾ ਲੈਣ ਵਾਲੇ ਵਿਦਿਆਰਥੀਆ ਨੂੰ ਕਾਫੀ ਲਾਭ ਹੁੰਦਾ ਹੈ। ਇਸ ਨੀਤੀ ਅਨੁਸਾਰ ਇਹ ਜ਼ਰੂਰੀ ਹੈ ਕਿ:

- ਕਾਰਵਾਈਆਂ ਦੀ ਮਨਜੂਰੀ ਲਈ ਸਕੂਲ ਵਿੱਚ ਇੱਕ ਤੌਰ ਤਰੀਕਾ ਸਥਾਪਿਤ ਕੀਤਾ ਹੋਵੇ
- ਕਾਰਵਾਈਆਂ ਦੀ ਰੂਪ ਰੇਖਾ ਅਤੇ ਚਲਤ ਬਰਾਬਰ ਅਤੇ ਲਗਾਤਾਰ ਹੋਵੇ
- ਵਿਦਿਆਰਥੀਆਂ ਦੀ ਸੁਰਖਿੱਆ ਅਤੇ ਸਿਹਤ ਨੂੰ ਮੁੱਦੇ ਨਜ਼ਰ ਰਖਿੱਆ ਜਾਵੇ

ਸਕੂਲ ਬੋਰਡ ਇਹ ਵੀ ਯਕੀਨ ਦਵਾਓਂਦਾ ਹੈ ਕਿ ਮਾਪਿਆਂ ਨੂੰ ਇਨ੍ਹਾਂ ਕਾਰਵਾਈਆ ਬਾਰੇ ਜਾਣਕਾਰੀ ਮਿਲੇ ਅਤੇ ਓਹਨਾਂ ਦੇ ਸਲਾਹ ਮਸ਼ਵਰੇ ਨੂੰ ਬੱਚਿਆਂ ਦੇ ਹਿੱਸਾ ਲੈਣ ਜਾਂ ਨਾਂ ਲੈਣ ਲਈ ਵੀ ਥਾਂ ਦਿੱਤੀ ਜਾਵੇ ।

ਨੀਤੀ ਦਾ ਓਦੇਸ਼

ਨੀਤੀ ਨੰਬਰ 9920 ਦੇ ਅਨੁਸਾਰ ਪਾਠ ਕਰਮ ਤੋਂ ਇਲਾਵਾ ਸਾਰੀਆਂ ਕਾਰਵਾਈਆਂ ਵਿਦਿਆ ਵਿਭਾਗ ਅਤੇ ਸਕੂਲ ਬੋਰਡ ਦੇ ਮਿਥੇ ਹੋਏ ਟੀਚਿਆਂ ਅਤੇ ਨੀਤੀਆਂ ਦੇ ਅਨਕੂਲ ਹੋਵੇ । ਬੌਰਡ ਇਹ ਵੀ ਯਕੀਨ ਦਿਲਵਾਓਂਦਾ ਹੈ ਕਿ ਸਕੂਲ ਤੋਂ ਬਾਅਦ ਦੇ ਪ੍ਰੋਗਰਾਮ ਕਨੈਡੀਅਨ ਚਾਰਟਰ ਆਫ ਰਾਈਟਸ, ਹਿਊਮਨ ਰਾਈਟਸ ਕੋਡ ਆਫ ਬੀ.ਸੀ. ਅਤੇ ਬੋਰਡ ਦੀ ਨੀਤੀ ਨੂੰ ਮੁੱਖ ਰਖੱਦਿਆਂ ਓਲੀਕੇ ਜਾਂਦੇ ਹਨ । ਸਕੂਲਾਂ ਵਿੱਚ ਚਲੱ ਰਹੇ ਸਾਰੇ ਕਲੱਬ ਇਸ ਅਧਿਕਾਰ ਪਤੱਰ ਦੇ ਅਧੀਨ ਹਨ: ਕਲੱਬ ਦਾ ਨਾਮ, ਦੇਖ ਭਾਲ ਕਰਨ ਵਾਲੇ ਦਾ ਨਾਮ. ਕਲੱਬ ਦਾ ਓਦੇਸ਼ ਕੀ ਹੈ ਬਾਰੇ ਸਾਫ ਨੀਤੀ, ਮੈਂਬਰਸ਼ਿਪ ਦੀਆਂ ਕੀ ਸ਼ਰਤਾਂ ਹਨ, ਕਲੱਬ ਦੇ ਚਲਣੱ ਦੀ ਵਿਆਖਿਆ ਅਤੇ ਮੀਟਿੰਗਾ ਦਾ ਵੇਰਵਾ ।

ਮਾਪਿਆਂ ਦੀ ਮੰਗ ਓਪਰ ਹਰ ਕਲੱਬ ਦਾ ਸਵਿਧਾਨ ਮਾਪਿਆਂ ਨੂੰ ਦਿੱਤਾ ਜਾਏਗਾ ।

ਖੇਲ੍ਹਾਂ ਵਾਲੇ ਪ੍ਰੋਗਰਾਮ ਸਬਧੰਤ ਸਸੰਥਾ ਜਾਂ ਸਕੂਲ ਡਿਸਟਰਿਕਟ ਦੀਆਂ ਨੀਤੀਆਂ ਅਧੀਨ ਚਲਣਗੇ । ਸਕੂਲ ਦੇ ਸਮੇਂ ਅੰਦਰ ਚਲ ਰਹੇ ਪ੍ਰੋਗਰਾਮ ਇਸ ਨੀਤੀ ਓਪਰ ਅਧਾਰਿਤ ਨਹੀਂ ਹਨ । ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਲਈ ਪ੍ਰਿੰਸੀਪਲ ਦੀ ਮਨਜ਼ੂਰੀ ਜ਼ਰੂਰੀ ਹੈ ।

ਜ਼ਿਮੇਵਾਰੀਆਂ

ਸਕੂਲ ਦੇ ਪ੍ਰਿੰਸੀਪਲ ਦੀ ਇਹ ਜ਼ਿਮੇਵਾਰੀ ਹੈ ਕਿ ਸਕੂਲ ਤੋਂ ਬਾਅਦ ਦੇ ਚਲਣ ਵਾਲੇ ਪ੍ਰੋਗਰਾਮ ਓਹਨੂੰ ਮਨਜ਼ੂਰ ਹੋਣ ਅਤੇ ਓਮਰ ਮੁਤਾਬਿਕ ਬੱਚਿਆਂ ਦੀ ਓਮਰ, ਦਿਮਾਗੀ ਅਤੇ ਸਰੀਰਕ ਸਿਹਤ ਦੇ ਅਨਕੂਲ ਹੋਣ । ਪ੍ਰਿੰਸੀਪਲ ਲਈ ਇਹ ਵੀ ਜ਼ਰੂਰੀ ਹੈ ਕਿ ਇਸ ਤਰਾਂ ਦੇ ਪ੍ਰੋਗਰਾਮਾਂ ਲਈ ਮੁਨਾਸਿਬ ਨਿਗਰਾਨੀ ਰੱਖਣ ਵਾਲਾ ਵਿਅਕਤੀ ਵੀ ਹਾਜ਼ਿਰ ਹੋਵੇ ।

ਇਸ ਵਿਅਕਤੀ ਦੀ ਜ਼ਿਮੇਵਾਰੀ ਹੈ ਕਿ ਚਲ ਰਹੇ ਪ੍ਰੋਗਰਾਮ ਬੱਚਿਆਂ ਲਈ ਸੁਰਿਖੱਅਤ ਹੋਣ ਅਤੇ ਸਾਰੀਆਂ ਨੀਤੀਆਂ ਓਪਰ ਅਧਾਰਿਤ ਹੋਣ । ਇਹਨਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਕਿਸੇ ਵੀ ਭੇਦ ਭਾਵ ਤੋਂ ਰਹਿਤ ਹੋਵੇਗਾ ਅਤੇ ਬੋਰਡ ਦੀਆਂ ਨੀਤੀਆਂ ਓਪਰ ਅਧਾਰਿਤ ਹੋਵੇਗਾ । ਇਹ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਦੀ ਸ਼ਾਨ ਅਤੇ ਸਵੈ-ਮਾਨ ਨੂੰ ਨਜ਼ਰ ਅੰਦਾਜ਼ ਰਖਿੱਆ ਜਾਏਗਾ ।

ਮਾਪਿਆਂ ਲਈ ਜਾਣਕਾਰੀ

ਇਹਨਾਂ ਪ੍ਰੋਗਰਾਮਾਂ ਦੀ ਜਾਣਕਾਰੀ ਮਾਪਿਆਂ ਲਈ ਡਾਕ ਵਿੱਚ ਭੇਜੀ ਜਾਏਗੀ । ਇਸ ਪੱਤਰ ਵਿੱਚ ਸਾਰੀ ਲੋੜੀਂਦੀ ਜਾਣਕਾਰੀ ਹੋਏਗੀ । ਮਾਪੇ ਅਗਰ ਆਪਣੇ ਬੱਚੇ ਨੂੰ ਇਹਨਾਂ ਪ੍ਰੋਗਰਾਮਾਂ ਵਿੱਚ ਹਿੱਸਾ ਨਹੀਂ ਲੈਣ ਦੇਣਾ ਚਾਹੁੰਦੇ ਤਾਂ ਓਹਨਾਂ ਨੂੰ ਇਹ ਸਕੂਲ ਨੂੰ ਦੱਸਣਾ ਪਏਗਾ । ਇਸ ਫੈਸਲੇ ਦੀ ਇਜ਼ਤ ਕੀਤੀ ਜਾਏਗੀ । ਪ੍ਰੋਗਰਾਮ ਦੀ ਨਿਗਰਾਨੀ ਰੱਖਣ ਵਾਲਾ ਸਭ ਕਲੱਬਾਂ ਦੀ ਮੈਂਬਰਸ਼ਿਪ ਦੀ ਸੂਚੀ ਅਤੇ ਕਾਰਵਾਈਆਂ ਦਾ ਵੇਰਵਾ ਤਿਆਰ ਰੱਖੇਗਾ । ਕਲੱਬਾਂ ਦੇ ਸਵਿਧਾਨ ਅਤੇ ਨੀਤੀਆਂ ਦੀ ਜਾਣਕਾਰੀ ਸਕੂਲ ਦੇ ਦਫਤਰ ਵਿੱਚ ਇੱਕ ਫਾਈਲ ਵਿੱਚ ਰੱਖੀ ਜਾਏਗੀ ।

ਨੀਤੀ ਨੰਬਰ 9920, ਇਸ ਪਤੇ ਓਪਰ, ਕੰਪਿਊਟਰ ਓਪਰ ਦੇਖੀ ਜਾ ਸਕਦੀ ਹੈ:

**www.surreyschools.ca/departments/SECT/PoliciesRegulations/section_9000/Documents/9920%20Policy.pdf**